भारत सरकार/GOVERNMENT OF INDIA

# केन्द्रीय फिल्म प्रमाणन बोर्ड/CENTRAL BOARD OF FILM CERTIFICATION

यह प्रमाणपत्र केवल थिएटर में प्रदर्शित करने बाबत विधिमान्य है

THIS CERTIFICATE IS VALID FOR THEATRICAL RELEASE ONLY

No. 13530

भाग-I/Part-I

1A0S1605201900040 Feature

प्रमाणपत्र सं. Certificate No. DIL/2/13/2019-DEL

तारीख Dated 10/06/2019

श्रेणी Category

**अ/व**
**UA**

अभिभावक मार्गदर्शन
PARENTAL GUIDANCE

फिल्म
Film : PUNJAB DE SHAUKEEN GABRU (PUNJABI) (Color)
(Cinemascope)

Duration 117.40 min.sec

निम्नलिखित परीक्षण समिति के सदस्यों द्वारा परीक्षण के पश्चात तथा उक्त परीक्षण समिति की सिफारिशों पर बोर्ड तदद्वारा यह प्रमाणित करता है कि पीछे संलग्न भाग -२ में उपदर्शित काट-छांट और उपान्तरों के अधीन फिल्म इस चेतावनी के प्रदर्शन के साथ सार्वजनिक प्रदर्शन के लिए उपयुक्त है कि १२ वर्ष से कम आयु के किसी बालक को फिल्म देखने की अनुज्ञा दी जाए या नहीं , इस प्रश्न पर उस बालक के माता पिता या संरक्षक द्वारा विचार किया जाना चाहिए।

After examination of the film by the members of the **Examining Committee** mentioned below and on the recommendation of the said **Examining Committee**, the Board hereby certifies that the film is fit for **public exhibition with an endorsment of caution that the question as to whether any child below the age of 12 years may be allowed to see the film should be considered by the parents or guardian of such child** , and also subject to excision and modification listed in part II on the reverse :

1. RITU GOYAL
2. DEEPTI SHARMA
3. SURESH SAINI
4. DASHRATH SINGH
5. **MAHESH KUMAR ( E.O. )**

यह और प्रमाणित किया जाता है कि उपरोक्त बोर्ड द्वारा अधिरोपित कांट-छांट और उपान्तरों को वास्तव में कार्यान्वित किया गया है।

Further certified that the excisions and modifications imposed by the Board have actully been carried out.

आवेदक का नाम
Name of Applicant **NEW INDO MUSICAL COMPANY**

निर्माता का नाम
Name of Producer **MANJIT SINGH - GURDASPUR**

आदेश से
For Chairman

(MAHESH KUMAR)
Regional Officer
CBFC ,DELHI

ਪ੍ਰੈਸ ਕੀ ਤਾਕਤ

# ਵਿਵਾਦਾਂ ਦੇ ਚੱਲੇ ਪੰਜਾਬੀ ਫ਼ਿਲਮ ਜੱਟ ਜੁਗਾੜੀ ਹੁੰਦੇ ਨੇ ਰਿਲੀਜ਼ ਡੇਟ ਅੱਗੇ ਪਾਈ

ਚੰਡੀਗੜ, 11 ਜੁਲਾਈ (ਪ੍ਰੈਸ ਕੀ ਤਾਕਤ ਬਿਊਰੋ) - 12 ਜੁਲਾਈ ਨੂੰ ਰਿਲੀਜ਼ ਹੋਣ ਵਾਲੀ ਫ਼ਿਲਮ ਜੱਟ ਜੁਗਾੜੀ ਹੁੰਦੇ ਨੇ ਵਿਵਾਦਾਂ ਦੇ ਚਲਦਿਆਂ ਦੀ ਰਿਲੀਜ਼ਿੰਗ ਡੇਟ ਅੱਗੇ ਪਾ ਦਿੱਤੀ ਹੈ। ਜ਼ਿਕਰਯੋਗ ਹੈ ਕਿ ਫ਼ਿਲਮ ਵਿਚ ਭੋਲੇਨਾਥ ਦੇ ਕੁਝ ਦ੍ਰਿਸ਼ਾਂ ਨੂੰ ਹਿੰਦੂ ਸੰਗਠਨਾਂ ਨੇ ਬੁਰਾ ਮਨਾਇਆ ਸੀ ਅਤੇ ਫ਼ਿਲਮ ਵਿਵਾਦਾਂ ਵਿਚ ਘਿਰ ਗਈ ਸੀ। ਫ਼ਿਲਮ ਦੇ ਡਾਇਰੈਕਟਰ ਅਨੁਰਾਗ ਸ਼ਰਮਾ ਅਤੇ ਪ੍ਰੋਡਿਊਸਰ ਮਨਜੀਤ ਸਿੰਘ ਨੇ ਵਿਵਾਦਾਂ ਨੂੰ ਦੇਖਦੇ ਹੋਏ ਅਤੇ ਹਿੰਦੂ ਸੰਗਠਨਾਂ ਦੀ ਗੱਲ ਸੁਣਦੇ ਹੋਏ ਇਹ ਅਹਿਸਾਸ ਕੀਤਾ ਕਿ ਇਹ ਦ੍ਰਿਸ਼ ਫ਼ਿਲਮ ਵਿਚ ਨਹੀਂ ਹੋਣਾ ਚਾਹੀਦਾ ਹੈ ਅਤੇ ਉਸ ਦੇ ਚਲਦੇ ਇਤਰਾਜ਼ਯੋਗ ਦ੍ਰਿਸ਼ਾਂ ਨੂੰ ਫ਼ਿਲਮ ਵਿਚੋਂ ਹਟਾ ਕੇ ਹੁਣ ਫ਼ਿਲਮ ਅਗਲੀ ਡੇਟ ਨੂੰ ਰਿਲੀਜ਼ ਕੀਤੀ ਜਾਵੇਗੀ। ਇਸ ਤਾਰੀਖ ਨੂੰ ਨਿਊ ਆਈ ਐਮ ਸੀ ਕੰਪਨੀ ਦੇ ਪ੍ਰੋਡਿਊਸਰ ਮਨਜੀਤ ਸਿੰਘ ਅਤੇ ਸ੍ਰੀ ਓਮ ਪ੍ਰੋਡਕਸ਼ਨ ਦੇ ਡਾਇਰੈਕਟਰ ਅਤੇ ਪ੍ਰੋਡਿਊਸਰ ਨੇ ਕਿਹਾ ਕਿ ਅਸੀਂ ਹਰ ਧਰਮ ਦਾ ਸਤਿਕਾਰ ਕਰਦੇ ਹਾਂ ਅਤੇ ਭਗਵਾਨ ਭੋਲੇਨਾਥ ਵਿਚ ਪੂਰੀ ਆਸਥਾ ਰੱਖਦੇ ਹਾਂ ਅਤੇ ਸਾਡੀ ਕੋਈ ਵੀ ਮਨਸ਼ਾ ਨਹੀਂ ਸੀ ਕਿ ਅਸੀਂ ਕਿਸੀ ਵੀ ਸ਼ਿਵ ਭਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈਏ।




बाद कुछ घंटों में ही खुले हुए मैनहोल को बंद कर दिया गया। इस संबंध में प्रो. मानव शर्मा ने बताया कि वह विगत 10 जुलाई को सायं 6 बजे सैर करने जा रहे थे तो उन्होंने हजीरा पार्क के पीछे बने एक मैनहोल को खुला देखा और उसके चित्र खींच कर एक ई-मेल जिलाधीश गुरदासपुर को भेजी, जिससे प्रशासन तुरंत हरकत में आ गया और रात तक इस मैनहोल पर ढक्कन लगा कर इसे प्रशासन द्वारा बंद किया जा चुका था।

*खुले व बाद में ढक्कन लगाकर बंद किए गए मैनहोल के चित्र। (निप्पू)*



*प्रो. मानव शर्मा।*

महटली तहसील इंदौरा जिला कांगड़ा हिमाचल प्रदेश के रूप में हुई। ऊधर सूचना मिलते ही मौके पर डमटाल थाने के हवालदार हरदेव सिंह मौके पर पहुंचे। पुलिस को महिला के बेटे रजत सिंह ने बताया कि जब से उनके पिता की मृत्यु हुई है तब से उनकी माता बीमार चल रही है। उन्होंने बताया कि वह 2 भाई हैं तथा उनकी माता पिछले 6 माह से बीमार चल रही है और उन्होंने गलती से कोई जहरीली दवा खा ली, जिससे उनकी हालत खराब हो गई। डमटाल थाने में मामला दर्ज कर लिया है तथा आगे जांच जारी है।

# 'ਸਟਾਰ ਪੰਜਾਬ ਦੇ' ਮੁਕਾਬਲੇ ਲਈ ਬਟਾਲਾ 'ਚ ਐਡੀਸ਼ਨ 14 ਨੂੰ

## ਜੇਤੂ ਕਲਾਕਾਰ ਨੂੰ ਮਿਲੇਗੀ ਆਲਟੋ ਕਾਰ ਤੇ ਇਕ ਲੱਖ ਰੁਪਏ ਦਾ ਨਕਦ ਇਨਾਮ

ਬਟਾਲਾ, 11 ਦਸੰਬਰ (ਕਮਲ ਕਾਹਲੋਂ)- ਨਿਊ ਆਈ. ਐਮ. ਸੀ. ਮਿਊਜ਼ੀਕਲ ਕੰਪਨੀ ਵੱਲੋਂ ਕਲਾਕਾਰਾਂ 'ਚ ਛੁਪੀ ਪ੍ਰਤਿਭਾ ਨਿਖਾਰਣ ਦੇ ਉਦੇਸ਼ ਨਾਲ 'ਸਟਾਰ ਪੰਜਾਬ ਦੇ' ਟਾਈਟਲ ਹੇਠ ਗਾਇਕੀ ਮੁਕਾਬਲੇ ਕਰਵਾਏ ਜਾ ਰਹੇ ਹਨ। ਸ਼ੋਅ ਦੇ ਡਾਇਰੈਕਟਰ ਬੌਬੀ ਬਾਜਵਾ ਤੇ ਪ੍ਰਡਿਊਸਰ ਮਨਜੀਤ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਸਬੰਧੀ ਪੰਜਾਬ 'ਚ ਐਡੀਸ਼ਨ ਸ਼ੁਰੂ ਕਰ ਦਿੱਤੇ ਗਏ ਹਨ ਤੇ ਪਿਛਲੇ ਦਿਨੀਂ ਅੰਮ੍ਰਿਤਸਰ ਤੇ ਹੁਸ਼ਿਆਰਪੁਰ 'ਚ ਐਡੀਸ਼ਨ ਲਏ ਗਏ ਹਨ, ਜਿਨ੍ਹਾਂ ਤੋਂ ਬਾਅਦ ਹੁਣ 14 ਦਸੰਬਰ ਨੂੰ ਬਟਾਲਾ ਵਿਖੇ ਐਡੀਸ਼ਨ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਦੇ 12 ਸ਼ਹਿਰਾਂ ਤੋਂ ਇਲਾਵਾ ਕਰਨਾਲ (ਹਰਿਆਣਾ) ਤੇ ਹਿਮਾਚਲ ਪ੍ਰਦੇਸ਼ ਦੇ ਸ਼ਿਮਲਾ 'ਚ ਵੀ ਐਡੀਸ਼ਨ ਲਏ ਜਾਣਗੇ। ਇਨ੍ਹਾਂ ਸਾਰੇ ਥਾਂਵਾਂ ਤੋਂ ਚੁਣੇ ਕਲਾਕਾਰਾਂ ਦਾ ਮੈਗਾ ਐਡੀਸ਼ਨ ਚੰਡੀਗੜ੍ਹ 'ਚ ਹੋਵੇਗਾ ਤੇ ਜੱਜਮੈਂਟ ਦੀ ਸੇਵਾ ਪ੍ਰਸਿੱਧ ਗਾਇਕ ਨਛੱਤਰ ਗਿੱਲ, ਗੁਰਕ੍ਰਿਪਾਲ ਸੂਰਾਪੁਰੀ ਤੇ ਪਵਨੀਤ ਬਿਰਗੀ ਆਦਿ ਨਿਭਾਉਣਗੇ। ਜੇਤੂ ਰਹਿਣ ਵਾਲੇ ਕਲਾਕਾਰ ਨੂੰ ਆਲਟੋ ਕਾਰ ਤੇ ਇਕ ਲੱਖ ਰੁਪਏ ਨਕਦ, ਉਪ ਜੇਤੂ ਨੂੰ ਇਕ ਲੱਖ ਅਤੇ ਤੀਜੇ ਜੇਤੂ ਨੂੰ 50 ਹਜ਼ਾਰ ਰੁਪਏ ਨਕਦ ਦਿੱਤੇ ਜਾਣਗੇ। ਪਹਿਲੇ 3 ਜੇਤੂਆਂ ਦੀ 8 ਗਾਣਿਆਂ ਦੀ ਆਡੀਓ-ਵੀਡੀਓ ਐਲਬਮ ਵੀ ਰਿਲੀਜ਼ ਕੀਤੀ ਜਾਵੇਗੀ। ਇਸ ਮੌਕੇ ਜਗਮੋਹਨ ਸਿੰਘ ਨਾਗੀ, ਗਾਇਕ ਸੰਮੀ ਖਾਨ, ਨਵਨੀਤ ਅਜ਼ਾਦ ਅਤੇ ਅਮਰੀਕ ਸਿੰਘ ਮੱਲ੍ਹੀ ਆਦਿ ਹਾਜ਼ਰ ਸਨ।




ਜਾਣਕਾਰੀ ਦਿੰਦੇ ਬੌਬੀ ਬਾਜਵਾ, ਮਨਜੀਤ ਸਿੰਘ, ਸ: ਨਾਗੀ ਤੇ ਸੰਮੀ ਖਾਨ ਆਦਿ।

ਤਸਵੀਰ : ਕੁਲਬੀਰ ਸਿੰਘ ਬੁਲੇਵਾਲ

ਕਮਾਲਿਆ ਵਿਚ ਲਾਖੂਡ ਸਮਾਜਿਕ ਤੇ ਹਾਲਾਂ ਦੇ ਸਥਾਨ ਤੇ ਸਥਾਨ ਤੇ ਸਥਾਨ ਤ

New Delhi Posting Day Every Mon./Tue. R.N.I. No. 55765/93 DL(N)-01/0062/15-17


RELEASING TODAY ALL OVER

YDW PRODUCTION PRESENTS
IN ASSOCIATION WITH
NEW IMC & RICH HANDS PICTURES

# DRAMEBAAZ KALAKAAR




PRODUCED BY
BD AGGARWAL, AJAY GARG, NARESH SINGLA
MAA SHAKTI FILMS

CAST-HITEN PAINTAL, ARYAN VAID, VIVAAN ABORA, TIKKU TALLSANIA, K PAINTAL, GARRY SOHAL & KOMYA VIRK
STORY, SCREENPLAY & DIRECTION-NARESH SINGLA DIALOGS-PRATEEK SINGH RAI MUSIC-BIRGI VEERZ & DC BOSS GRAPHIC DESIGNER-HARPRIT KANG
LYRICS-VINKAL AMBALE WALA PRO-AMRIT PAWAR DOP-SALIL AMBUTE CASTING-DINESH SOI COSTUME-SUPREET CHEENA & CHETNA VIRMANI
MAKEUP-RAKESH EDITOR-PAWAN KUMAR EVENT PARTNER-RICH OWL VISUAL PROMOTION-AKSHAY KALEDY ARTWORK-PRINCE KAONI
CREATIVE PRODUCER-VIKAS BISHNOI E.P-AYUB KHAN ASSOCIATE PRODUCER-ARYAMAN SINGLA
CO PRODUCER-MANJIT SINGH & RICH HANDS PICTURES
SPECIAL THANKS-AMAN PREET SINGH, JAIVI DHANDA & PS DHINDSA
WORLDWIDE RELEASE BY NEW IMC
IN CINEMAS ;13 OCTOBER 2017

NEW IMC Release, (M): 07400000904

HOSHIARPUR PUNJABI JAGRAN
HOSHIARPUR DATE:27-11-2014 PAGE NO:4

# ਪਹਿਲੇ ਦੋ ਜੇਤੂਆਂ ਨੂੰ ਮਿਲੇਗਾ ਇਕ ਲੱਖ ਦਾ ਨਕਦ ਇਨਾਮ

**ਜਾਣਕਾਰੀ**

- ਹੁਸ਼ਿਆਰਪੁਰ ਵਿਖੇ ਆਡੀਸ਼ਨ 7 ਦਸੰਬਰ ਨੂੰ

ਹਰਜਿੰਦਰ ਹਰਗੜ੍ਹੀਆ, ਹੁਸ਼ਿਆਰਪੁਰ



ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੌਬੀ ਬਾਜਵਾ, ਮਨਜੀਤ ਸਿੰਘ, ਸੰਜੀਵ ਰਾਣਾ ਅਤੇ ਹੋਰ।

**ਕਲਾਕਾਰਾਂ 'ਚ ਲੁਕੀ** ਪ੍ਰਤਿਭਾ ਨੂੰ ਨਿਖਾਰਨ ਦੇ ਲਈ ਨਿਊ ਆਈਐਮਸੀ ਮਿਊਜੀਕਲ ਕੰਪਨੀ ਵਲੋਂ ਸਟਾਰ ਪੰਜਾਬ ਦੇ ਸਿੰਗਿੰਗ ਕੰਪੀਟਿਸ਼ਨ ਕਰਵਾਇਆ ਜਾ ਰਿਹਾ ਹੈ। ਇਸ ਉਪਰਾਲੇ ਦਾ ਮੁੱਖ ਮਕਸਦ ਕਲਾਕਾਰਾਂ ਨੂੰ ਇਕ ਮੰਚ ਉਪਲਬੱਧ ਕਰਵਾਉਣਾ ਹੈ ਤਾਂਕਿ ਉਹ ਆਪਣੀ ਪ੍ਰਤਿਭਾ ਨੂੰ ਲੋਕਾਂ 'ਚ ਲੈ ਕੇ ਜਾ ਸਕਣ। ਇਹ ਜਾਣਕਾਰੀ ਨਿਊ ਆਈਐਮਸੀ ਮਿਊਜੀਕਲ ਕੰਪਨੀ ਦੇ ਪ੍ਰੋਡਿਊਸਰ ਮਨਜੀਤ ਸਿੰਘ ਅਤੇ ਡਾਇਰੈਕਟਰ ਬੌਬੀ ਬਾਜਵਾ ਨੇ ਹੁਸ਼ਿਆਰਪੁਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਦਾ ਆਡੀਸ਼ਨ ਹੁਸ਼ਿਆਰਪੁਰ ਵਿਖੇ 7 ਦਸੰਬਰ ਨੂੰ ਐਸਏਵੀ ਜੈਨ ਡੇ ਬੋਰਡਿੰਗ ਸਕੂਲ ਵਿਚ ਲਿਆ ਜਾਏਗਾ। ਸਟਾਰ ਪੰਜਾਬ ਦੇ ਬਾਰੇ ਜਾਣਕਾਰੀ ਦਿੰਦਿਆ ਉਨ੍ਹਾ ਦੱਸਿਆ ਕਿ ਆਡੀਸ਼ਨ 12 ਸ਼ਹਿਰਾਂ 'ਚ ਹੋ ਰਿਹਾ ਹੈ। ਪੰਜਾਬ ਤੋਂ ਇਲਾਵਾ ਹਰਿਆਣਾ 'ਚ ਕਰਨਾਲ ਅਤੇ ਹਿਮਾਚਲ ਪ੍ਰਦੇਸ਼ ਦੇ ਸ਼ਿਮਲਾ 'ਚ ਵੀ ਆਡੀਸ਼ਨ ਲਿਆ ਜਾਣਾ ਹੈ। ਹਰ ਸ਼ਹਿਰ 'ਚ 10 ਪ੍ਰਤਿਭਾਗੀਆਂ ਦੀ ਚੋਣ ਹੋਣੀ ਹੈ ਅਤੇ ਇਸਦਾ ਮੈਗਾ ਕੰਪੀਟਿਸ਼ਨ ਚੰਡੀਗੜ 'ਚ ਹੋਣਾ ਹੈ, ਜਿਸ 'ਚ 50 ਕਲਾਕਾਰ ਹਿੱਸਾ ਲੈਣਗੇ। ਪਹਿਲੇ ਜੇਤੂ ਨੂੰ ਆਲਟੋ ਕਾਰ ਅਤੇ ਇਕ ਲੱਖ ਰੁਪਏ ਨਕਦ, ਦੂਜੇ ਜੇਤੂ ਨੂੰ 1 ਲੱਖ ਰੁਪਏ ਨਕਦ ਅਤੈ ਤੀਜੇ ਜੇਤੂ ਨੂੰ 50 ਹਜਾਰ ਰੁਪਏ ਨਕਦ ਦਿੱਤੇ ਜਾਣੇ ਹਨ। ਪਹਿਲੇ ਤਿੰਨ ਜੇਤੂਆਂ ਦੀ 8 ਗਾਣਿਆ ਦੀ ਆਡੀਓ-ਵੀਡੀਓ ਐਲਬਮ ਵੀ ਰਲੀਜ ਕੀਤੀ ਜਾਣੀ ਹੈ। ਮਨਜੀਤ ਸਿੰਘ ਅਤੇ ਬੌਬੀ ਬਾਜਵਾ ਨੇ ਦੱਸਿਆ ਕਿ ਇਸ ਕੰਪੀਟਿਨ 'ਚ 18 ਤੋਂ 30 ਸਾਲ ਦੇ ਕਲਾਕਾਰ ਹਿੱਸਾ ਲੈ ਸਕਣਗੇ। 30 ਨਵੰਬਰ ਨੂੰ ਆਡੀਸ਼ਨ ਲਿਆ ਜਾਣਾ ਹੈ। ਉਨਾਂ ਦੱਸਿਆ ਕਿ ਇਸ ਕਲਾਕਾਰਾਂ ਦੇ ਲਈ ਇਕ ਵਧੀਆ ਮੌਕਾ ਹੈ ਆਪਣੀ ਪ੍ਰਤਿਭਾ ਨੂੰ ਲੋਕਾਂ ਦੇ ਸਾਹਮਣੇ ਪੇਸ਼ ਕਰਨ ਦਾ। ਉਨਾਂ ਕਲਾਕਾਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਅੰਦਰ ਲੁਕੀ ਪ੍ਰਤਿਭਾ ਨੂੰ ਲੋਕਾਂ ਦੇ ਸਾਹਮਣੇ ਪੇਸ਼ ਕਰਨ ਅਤੇ ਕੰਪੀਟਿਸ਼ਨ 'ਚ ਹਿੱਸਾ ਜਰੂਰ ਲੈਣ। ਇਸ ਮੌਕੇ ਤੇ ਸੰਜੀਵ ਰਾਣਾ, ਵਜੀਰ ਸਿੰਘ, ਸ਼ੰਮੀ ਖਾਨ, ਰਵਿੰਦਰਪਾਲ ਆਦਿ ਹਾਜਰ ਸਨ।

# 'ਸਟਾਰ ਪੰਜਾਬ ਦੇ' ਪ੍ਰੋਗਰਾਮ ਲਈ ਅੱਜ ਹੋਵੇਗੀ ਅੰਮ੍ਰਿਤਸਰ ਤੋਂ ਸ਼ੁਰੂਆਤ



ਜਲੰਧਰ, 29 ਨਵੰਬਰ (ਬੇਦੀ)- 30 ਨਵੰਬਰ ਐਤਵਾਰ ਨੂੰ ਨਿਰਮਾਤਾ ਮਨਜੀਤ ਸਿੰਘ ਦੇ ਵਿਸ਼ਾਲ ਗਾਇਕੀ ਰਿਐਲਿਟੀ ਸ਼ੋਅ 'ਸਟਾਰ ਪੰਜਾਬ ਦੇ' ਦੀ ਸ਼ੁੱਭ ਸ਼ੁਰੂਆਤ ਨਾਲ ਗੁਰੂ ਰਾਮਦਾਸ ਜੀ ਦੀ ਪਵਿੱਤਰ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਆਡੀਸ਼ਨ ਸ਼ੁਰੂ ਹੋ ਰਿਹਾ ਹੈ। ਆਈ. ਐੱਮ. ਸੀ. ਵਲੋਂ ਨਵੇਂ ਗਾਇਕਾਂ ਤੇ ਗਾਇਕਾਵਾਂ ਨੂੰ ਉਭਾਰਨ ਲਈ 'ਸਟਾਰ ਪੰਜਾਬ ਦੇ' 24 ਕਿਸ਼ਤਾਂ ਦਾ ਸ਼ੋਅ ਹੋਵੇਗਾ ਤੇ ਇਸ ਦੀ ਹਰ ਕਿਸ਼ਤ ਗਾਇਕੀ ਮੁਕਾਬਲੇ ਨਾਲ ਪੂਰੀ ਤਰ੍ਹਾਂ ਮਨੋਰੰਜਕ ਹੋਵੇਗੀ। 'ਸਟਾਰ ਪੰਜਾਬ ਦੇ' ਰਿਆਲਟੀ ਸ਼ੋਅ ਦੇ ਨਿਰਮਾਤਾ ਮਨਜੀਤ ਸਿੰਘ ਨੇ ਦੱਸਿਆ ਕਿ 30 ਨਵੰਬਰ ਨੂੰ ਸਵੇਰੇ 9:00 ਵਜੇ ਤੋਂ ਸ਼ਾਮ ਤੱਕ ਪੁਲਸ ਪਬਲਿਕ ਡੀ. ਏ. ਵੀ. ਸਕੂਲ ਨੇੜੇ ਪੁਲਸ ਲਾਈਨ, ਲਾਰੰਸ ਰੋਡ ਅੰਮ੍ਰਿਤਸਰ ਵਿਖੇ ਸੁਰਜੀਤ ਭੁੱਲਰ ਤੇ ਹੋਰ ਨਾਮਵਰ ਗਾਇਕ ਆਡੀਸ਼ਨ 'ਚ ਜੱਜਮੈਂਟ ਕਰਨਗੇ। ਬੌਬੀ ਬਾਜਵਾ ਦੇ ਨਿਰਦੇਸ਼ਨ 'ਚ ਬਣ ਰਹੇ ਮਨਜੀਤ ਸਿੰਘ ਦੇ ਗਾਇਕੀ ਰਿਆਲਟੀ ਸ਼ੋਅ 'ਸਟਾਰ ਪੰਜਾਬ ਦੇ' ਲਈ ਪੰਜਾਬ ਤੇ ਚੰਡੀਗੜ੍ਹ ਵਿਖੇ 15 ਹੋਰ ਆਡੀਸ਼ਨ ਹੋਣਗੇ ਤੇ ਟਾਈਮ ਟੀ. ਵੀ. ਤੋਂ ਇਲਾਵਾ ਇਕ ਹੋਰ ਪ੍ਰਮੁੱਖ ਚੈਨਲ 'ਤੇ ਚੱਲ ਰਹੇ ਸ਼ੋਅ ਦੇ ਪ੍ਰੋਮੋਜ਼ ਨੇ ਨਵੀਆਂ ਪ੍ਰਤਿਭਾਵਾਂ 'ਚ ਬਹੁਤ ਉਤਸ਼ਾਹ ਭਰਿਆ ਹੈ। ਸ਼ੋਅ ਦਾ ਗ੍ਰੈਂਡ ਫਿਨਾਲੇ ਲਾਈਵ ਪ੍ਰਸਾਰਿਤ ਹੋਵੇਗਾ ਅਤੇ ਜੇਤੂਆਂ ਨੂੰ ਆਲਟੋ ਕਾਰ ਸਮੇਤ ਐਲਬਮ ਲਾਂਚਿੰਗ ਦਾ ਵੀ ਮੌਕਾ ਦਿੱਤਾ ਜਾਵੇਗਾ।

# ਪਾਲੀਵੁੱਡ ਵਿਚ ਡੈਬਿਊ ਮਨਜੀਤ ਸਿੰਘ



ਪੰਜਾਬੀ ਸੰਗੀਤ ਤੇ ਟੀ. ਵੀ. ਇੰਡਸਟਰੀ 'ਚ ਮਨਜੀਤ ਸਿੰਘ ਨੇ ਕਾਫੀ ਹੱਦ ਤੱਕ ਕਾਮਯਾਬੀ ਹਾਸਲ ਕੀਤੀ ਹੈ ਤੇ ਆਪਣੇ ਬੈਨਰ ਨਿਊ ਆਈ. ਐਮ. ਸੀ. ਸੰਗੀਤ ਕੰਪਨੀ ਨੂੰ ਸਥਾਪਿਤ ਕੀਤਾ ਹੈ। ਟੀ. ਵੀ. ਰਿਆਇਲਟੀ ਸ਼ੋਅ ਸਟਾਰ ਪੰਜਾਬ ਦੇ ਦਾ ਅੱਧਾ ਕੰਮ ਮੁਕੰਮਲ ਕਰ ਚੁੱਕੇ ਸਰਹੱਦੀ ਜ਼ਿਲਾ ਗੁਰਦਾਸਪੁਰ ਦੇ ਪਿੰਡ ਠੱਠਰਕੇ ਦੇ ਜੰਮਪਲ ਇਸ ਕਲਾ ਤੇ ਸੰਗੀਤ ਪ੍ਰੇਮੀ ਨੌਜਵਾਨ ਨੇ ਨਿਊ ਆਈ. ਐਮ. ਸੀ. 'ਚੋਂ ਗਾਇਕ ਸ਼ੇਰਾ ਬੋਹੜਵਾਲੀਆ, ਗੁਰਜੀਤ ਬਾਠ, ਪ੍ਰਿੰਸ ਚਿੱਬ, ਐਨ. ਕੀਮੇਵਾਲੀਆ, ਮੱਖਣ ਬੈਣੀਵਾਲਾ ਦੇ ਸਿੰਗਲ ਟਰੈਕ ਤੇ ਐਲਬਮਜ਼ ਵਿਸ਼ਾਲ ਨੈਟਵਰਕ ਨਾਲ ਰਿਲੀਜ਼ ਕਰਨ ਤੋਂ ਬਾਅਦ ਹੁਣਪੰਜਾਬੀ ਫਿਲਮ ਇੰਡਸਟਰੀ 'ਚ ਡੈਬਿਊ ਕੀਤਾ ਤੇ ਬਤੌਰ ਫ਼ਿਮ ਵਿਤਰਕ ਉਹ 'ਮਿਸ਼ਨ 2017 ਹੱਲਾ ਹੋ' ਫਿਲਮ ਨੂੰ ਆਲ ਇੰਡੀਆ ਤੋਂ ਇਲਾਵਾ ਵਿਦੇਸ਼ਾਂ 'ਚ ਨਿਊ ਆਈ. ਐਮ. ਸੀ. ਵਲੋਂ ਰਿਲੀਜ਼ ਕੀਤਾ ਜਾ ਰਿਹਾ ਹੈ। ਇਸ ਫਿਲਮਦਾ ਉਹ ਸੰਯੁਕਤ ਨਿਰਮਾਤਾ ਵੀ ਹੈ। ਇਸ ਤੋਂ ਇਲਾਵਾ ਚਮਕੌਰ ਨੂੰ ਲੈ ਕੇ ਉਹ ਵੱਡੇ ਪੱਧਰ ਦੀ ਨਵੀਂ ਪੰਜਾਬੀ ਫਿਲਮ ਇਸ ਮਹੀਨੇ ਸੈਟ ਤੇ ਲਿਜਾ ਰਿਹਾ ਹੈ। ਮਨਜੀਤ ਸਿੰਘ ਦਾ ਕਹਿਣਾ ਹੈ ਕਿ ਹਰਪਾਲ ਟਿਟਲੀ, ਸਤਨਾਮ ਬੈਂਤਰਾ, ਮਨਜੀਤ ਸਿੰਘ ਟੋਨੀ, ਗੁਰਦੀਪ ਸੰਧੂ ਦੇ ਉਤਸ਼ਾਹ ਨਾਲ ਪਾਲੀਵੁੱਡ 'ਚ ਉਸ ਦੀ ਦਸਤਕ ਲੋਕਾਂ ਨੂੰ ਚੰਗੀਆਂ, ਮਨੋਰੰਜਨ ਤੇ ਵਿਰਾਸਤੀ ਫਿਲਮਾਂ ਘੱਟ ਲਾਗਤ ਨਾਲ ਚੰਗਾਂ ਮਨੋਰੰਜਨ ਦਿਖਾਉਣ ਲਈ ਹੋਈ ਹੈ। ਜਿਥੇ ਨਵੇਂ, ਸੁਰੀਲੇ ਕਲਾਕਾਰਾਂ ਦੇ ਸਿੰਗਲ ਟਰੈਕ ਉਹ ਦਿੰਦਾ ਰਹੇਗਾ, ਉਤੇ ਪਾਲੀਵੁੱਡ ਫਿਲਮਾਂ ਵਪਾਰਕ ਤੌਰ'ਤੇ ਸਫਲ ਰਹਿਣ, ਐਵਾਰਡ ਲੈਣ ਤੇ ਦੁਨੀਆਂ ਦੇ ਹਰ ਹਿੱਸੇ ਵਿਚ ਜਾਣ ਬਤੌਰ ਮੇਕਰ/ਵਿਤਰਕ ਉਸ ਦੀ ਕੋਸ਼ਿਸ਼ ਹੋਵੇਗੀ। 'ਮਿਸ਼ਨ 2017 ਹੱਲਾ ਹੋ' 'ਚ ਨੌਜਵਾਨਾਂ ਦੇ ਸੁਪਨਿਆਂ ਦੀ ਗੱਲਤੇ ਭ੍ਰਿਸ਼ਟਾਚਾਰ ਦੇ ਦੈਂਤ ਦਾ ਬਾਤ ਉਸ ਨੇ ਪਾਈ ਹੈ ਤੇ ਸਤੀਸ਼ ਕੌਲ ਜਿਹੇ ਸਦਾਬਹਾਰ ਅਦਾਕਾਰ ਦੀ ਫਿਰ ਵਾਪੀ ਪਰਦੇ 'ਤੇ ਕਰਵਾਈ ਹੈ। ਪਾਲੀਵੁੱਡ ਫਿਲਮਾਂ ਤੇ ਸੰਗੀਤ ਨੂੰ ਸੋਸ਼ਲ ਤੇ ਡਿਜ਼ੀਟਲ ਮੀਡੀਆ ਤੋਂ ਨਵੀਂ ਦਿੱਖ ਦੇਣ ਜਾ ਰਹੇ ਮਨਜੀਤ ਸਿੰਘ ਦੀ ਨਵੀਂ ਫਿਲਮ 'ਜ਼ੀਰੋ ਬਣਗੇ ਹੀਰੋ' ਸੈਟ 'ਤੇ ਪਹੁੰਚ ਗਈ ਹੈ। ਪਾਲੀਵੁੱਡ ਤੇ ਪੰਜਾਬੀ ਸੰਗੀਤ ਇੰਡਸਟਰੀ ਨੂੰ ਇਸ ਉਤਸ਼ਾਹੀ ਨੌਜਵਾਨ ਤੋਂ ਬੇਹੱਦ ਉਮੀਦਾਂ ਹਨ।

—ਅੰਮ੍ਰਿਤ ਪਵਾਰ

AJIT PUNJABI

HOSHIARPUR DATE:27-11-2014 PAGE NO



ਪ੍ਰੈੱਸ ਕਲੱਬ ਹੁਸ਼ਿਆਰਪੁਰ ਵਿਖੇ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਬੌਬੀ ਬਾਜਵਾ ਨਾਲ ਮਨਜੀਤ ਸਿੰਘ, ਸੰਜੀਵ ਰਾਣਾ, ਸ਼ੌਮੀ ਖਾਨ। ਤਸਵੀਰ: ਹਰਪ੍ਰੀਤ ਸਚਦੇਵਾ

# 'ਸਟਾਰ ਪੰਜਾਬ ਦੇ' ਪ੍ਰੋਗਰਾਮ ਦਾ ਹੁਸ਼ਿਆਰਪੁਰ 'ਚ ਆਡੀਸ਼ਨ 7 ਨੂੰ

ਹੁਸ਼ਿਆਰਪੁਰ, 26 ਨਵੰਬਰ (ਬਲਜਿੰਦਰਪਾਲ ਸਿੰਘ)- ਕਲਾਕਾਰਾਂ 'ਚ ਛੁਪੀ ਹੋਈ ਪ੍ਰਤਿਭਾ ਨੂੰ ਉਭਾਰਨ ਲਈ ਨਿਊ ਆਈ. ਐਮ. ਸੀ. ਮਿਊਜ਼ੀਕਲ ਕੰਪਨੀ 'ਸਟਾਰ ਪੰਜਾਬ ਦੇ' ਪ੍ਰੋਗਰਾਮ ਕਰਵਾਉਣ ਜਾ ਰਹੀ ਹੈ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਕਲਾਕਾਰਾਂ ਨੂੰ ਇਕ ਮੰਚ ਉਪਲੱਬਧ ਕਰਵਾਉਣਾ ਹੈ ਤਾਂ ਕਿ ਉਹ ਆਪਣੀ ਪ੍ਰਤਿਭਾ ਲੋਕਾਂ ਸਾਹਮਣੇ ਲਿਆ ਸਕਣ। ਇਹ ਪ੍ਰਗਟਾਵਾ ਕੰਪਨੀ ਦੇ ਪ੍ਰੋਡਿਊਸਰ ਮਨਜੀਤ ਸਿੰਘ ਅਤੇ ਡਾਇਰੈਕਟਰ ਬੌਬੀ ਬਾਜਵਾ ਨੇ ਪ੍ਰੈਸ ਕਲੱਬ ਹੁਸ਼ਿਆਰਪੁਰ 'ਚ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਕੀਤਾ। ਉਨ੍ਹਾਂ ਦੱਸਿਆ ਕਿ ਇਸ ਦੇ ਆਡੀਸ਼ਨ 12 ਸ਼ਹਿਰਾਂ 'ਚ ਕਰਵਾਏ ਜਾ ਰਹੇ ਹਨ ਤੇ ਹੁਸ਼ਿਆਰਪੁਰ ਦੇ ਐਸ. ਏ. ਵੀ. ਸੈਨ ਡੇ ਬੋਰਡਿੰਗ ਸਕੂਲ 'ਚ 7 ਦਸੰਬਰ ਨੂੰ ਆਡੀਸ਼ਨ ਲਏ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸ਼ਹਿਰਾਂ ਸਮੇਤ ਹਰਿਆਣਾ, ਕਰਨਾਲ, ਹਿਮਾਚਲ ਪ੍ਰਦੇਸ਼ ਅਤੇ ਸ਼ਿਮਲਾ 'ਚ ਵੀ ਇਹ ਆਡੀਸ਼ਨ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਹਰੇਕ ਸ਼ਹਿਰ 'ਚੋਂ 10 ਪ੍ਰਤੀਯੋਗੀ ਚੁਣੇ ਜਾਣਗੇ ਅਤੇ ਉਨ੍ਹਾਂ ਦਾ ਮੇਗਾ ਮੁਕਾਬਲਾ ਚੰਡੀਗੜ੍ਹ 'ਚ ਕਰਵਾਇਆ ਜਾਵੇਗਾ ਜਿਸ 'ਚ 50 ਕਲਾਕਾਰ ਹਿੱਸਾ ਲੈਣਗੇ। ਉਨ੍ਹਾਂ ਦੱਸਿਆ ਕਿ ਪਹਿਲੇ ਜੇਤੂ ਨੂੰ ਅਲਟੋ ਕਾਰ ਅਤੇ ਇੱਕ ਲੱਖ ਰੁਪਏ ਨਗਦ ਦਿੱਤੇ ਜਾਣਗੇ ਤੇ ਪਹਿਲੇ ਤਿੰਨ ਜੇਤੂਆਂ ਦੇ 8 ਗਾਣਿਆਂ ਦੀ ਆਡਿਓ-ਵੀਡੀਓ ਵੀ ਰਿਕਾਰਡ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਪ੍ਰਤੀਯੋਗਤਾ 'ਚ 18-30 ਸਾਲ ਦੇ ਕਲਾਕਾਰ ਹਿੱਸਾ ਲੈ ਸਕਦੇ ਹਨ। ਇਸ ਮੌਕੇ ਸੰਜੀਵ ਰਾਣਾ, ਬਲਜੀਤ ਸਿੰਘ, ਸ਼ੌਮੀ ਖਾਨ, ਰਜਿੰਦਰਪਾਲ ਆਦਿ ਵੀ ਹਾਜ਼ਰ ਸਨ।

ਸਰਕਾਰ ਦੇ ਇੰਡਸਟਰੀ ਕਾਮਰਸ
ਰ ਐਕਸਪੋ ਪਾਇਟੈਕਸ ਦੌਰਾਨ
ਡਾ. ਹਰਜੋਤ ਸਿੰਘ ਮੱਕੜ ਨਾਲ
ਪ ਸਿੰਘ ਤੇ ਹੋਰ। (ਵਾਲੀਆ)



ੀ. ਆਰ. ਮਾਡਰਨ ਸਕੂਲ 'ਚ
ਾਲ ਪ੍ਰਧਾਨ ਤਰਸੇਮ ਮਹਾਜਨ,
ੌਂਸ. ਨਾਗਪਾਲ, ਸੁਮਿਤ ਪੁਰੀ,
ਵਾਲੀਆ)

ਈਆ ਦੇ ਨਵੇਂ
ਲਿਆ



ਹਨ

ਰਈਆ, ੪ ਦਸੰਬਰ (ਹਰਜੀਪ੍ਰੀਤ)-ਪੁਲਸ ਜ਼ਿਲਾ ਅੰਮ੍ਰਿਤਸਰ ਦਿਹਾਤੀ ਦੇ ਐੱਸ. ਐੱਸ. ਪੀ. ਹਰਕੰਵਲਪ੍ਰੀਤ ਸਿੰਘ ਖੱਖ ਵੱਲੋਂ ਜਾਰੀ ਨਿਰਦੇਸ਼ਾਂ ਮੁਤਾਬਿਕ ਸਬ-ਇੰਸਪੈਕਟਰ ਰਾਜਬੀਰ ਸਿੰਘ ਨੂੰ

ਮੈਰਾਥਨ ਵਿਚ ਹਿੱਸਾ ਲੈ ਰਹੇ ਅਤੇ ਸ਼ਹਿਰ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਸਮਾਜਿਕ ਤੇ ਧਾਰਮਿਕ ਵਹਿਮਾਂ ਨੂੰ ਛੱਡਦੇ ਹੋਏ ਅੰਗਦਾਨ ਲਈ ਅੱਗੇ ਆਉਣਾ ਚਾਹੀਦਾ ਹੈ ਕਿਉਂਕਿ ਮੌਤ

## ਨਿਊ ਆਈ. ਐੱਮ. ਸੀ. ਵਲੋਂ ਕੁਲਵਿੰਦਰ ਸ਼ਾਹੀ ਦਾ ਸਿੰਗਲ ਟਰੈਕ 'ਜਾਲ' ਰਿਲੀਜ਼

ਜਲੰਧਰ, ੪ ਦਸੰਬਰ (ਸੋਮ)- ਬਹੁਤ ਹੀ ਥੋੜ੍ਹੇ ਸਮੇਂ ਵਿਚ ਲੋਕਪ੍ਰਿਯ ਹੋਈ ਮਿਊਜ਼ਿਕ ਕੰਪਨੀ ਨਿਊ ਆਈ. ਐੱਮ. ਸੀ. ਨੇ ਮਾਰਕੀਟ



ਵਿਚ ਗਾਇਕ ਕੁਲਵਿੰਦਰ ਸ਼ਾਹੀ ਦਾ ਸਿੰਗਲ ਟਰੈਕ 'ਜਾਲ' ਰਿਲੀਜ਼ ਕੀਤਾ ਹੈ। ਐੱਮ. ਡੀ. ਮਨਜੀਤ ਸਿੰਘ ਨੇ ਦੱਸਿਆ ਕਿ ਕੁਲਵਿੰਦਰ ਸ਼ਾਹੀ ਦ ਸਿੰਗਲ ਟਰੈਕ 'ਜਾਲ' ਦੇ ਵੀਡੀਓ ਨੂੰ ਸ਼ੂਟ ਕੀਤਾ ਹੈ ਅਜੈ ਸਿੰਘ ਨੇ, ਜੋ ਕਿ ਐੱਮ. ਐੱਚ. ਵਨ, ਡੀ. ਡੀ. ਪੰਜਾਬੀ, ਜੋਸ਼ ਟੀ. ਵੀ., ਟਸ਼ਨ 'ਤੇ ਚੱਲਣ ਦੇ ਨਾਲ-ਨਾਲ ਯੂ-ਟਿਊਬ 'ਤੇ ਵੀ ਚੱਲ ਰਿਹਾ ਹੈ, ਜਿਸ ਨੂੰ 1.5 ਲੱਖ ਦੇ ਕਰੀਬ ਲੋਕਾਂ ਨੇ ਪਸੰਦ ਕੀਤਾ ਹੈ।

# ਆਤਮ-ਜਾਗਰੂਕਤਾ



ਸੈਮੀਨਾਰ ਨੂੰ ਸੰਬੋਧਨ ਕਰਦੇ ਹੋਏ ਰਿਆ

ਅੰਮ੍ਰਿਤਸਰ, ੪ ਦਸੰਬਰ (ਜਸ਼ਨ)-ਦਿ ਮਿਲ ਰਿਮੇਨਿੰਗ ਰੈਲੀਵੈਂਟ ਐਂਡ ਇਫੈਕਟਿਵ ਸੈਲਫ ਮ 'ਤੇ ਇਕ ਰੋਜ਼ਾ ਕਾਰਜਸ਼ਾਲਾ ਦਾ ਆਯੋਜਨ ਕ ਮਸ਼ਹੂਰ ਕਾਰਪੋਰੇਟ ਟ੍ਰੇਨਰ ਅਤੇ ਰਿਆਤ-ਬਾ ਵਾਈਸ ਚਾਂਸਲਰ ਡਾ. ਰਾਜ ਸਿੰਘ ਨੇ ਆਪ ਕਾਰਜਸ਼ਾਲਾ ਵਿਚ ਵੱਖ-ਵੱਖ ਸੰਸਥਾਵਾਂ ਦੇ ਗਿਣਤੀ ਵਿਚ ਹਿੱਸਾ ਲਿਆ। ਡਾ. ਰਾਜ ਸਿੰਘ ਟ੍ਰੇਨਰ ਹਨ, ਜਿਨ੍ਹਾਂ ਦੇ ਕਲਾਇੰਟਸ ਵਿਚ ਟਾਟਾ, ਅਨਜ਼ੋਂਡ ਗ੍ਰਿੰਡਲੇਜ, ਸੇਲ, ਬਿਰਲਾ ਸਾਫਟ, ਹਰ ਆਫ ਪਬਲਿਕ ਐਡਮਨਿਸਟ੍ਰੇਸ਼ਨ ਆਦਿ ਸ਼ਾਮਿ

# ਨੋਡਲ ਅਫਸਰਾਂ ਨੂੰ ਪੋਸਟਲ ਬੈਲਟ ਪੇਪਰ ਜਾਰੀ ਕਰਨ ਸਬੰਧ



ਪੋਸਟਲ ਬੈਲਟ ਪੇਪਰ ਜਾਰੀ ਕਰਨ ਸਬੰਧੀ ਟ੍ਰੇਨਿੰਗ ਦਿੰਦੇ ਹੋਏ ਸਟੇਟ ਲੈਵਲ ਮਾਸਟਰ

ਪੋਸਟਲ ਬੈ
ਲਈ ਜ਼ਿਲਾ
ਗਈ।
ਸ
ਹੋਈ ਇ
ਮਾਸਟਰ

ਕੇਵਲ ਧਾਲੀਵਾਲ, ਹਰਦੀਪ ਗਿੱਲ, ਅਨੀਤਾ ਦੇਵਗਨ ਦੀ ਅਤੇ ਗੱਜਣ ਖਾਂ ਦੀ ਪੜ੍ਹਾਈ ਕਰ ਰਿਹਾ ਹੈ। ਬਹੁਤ ਹੀ

# ਹੁਣ ਪਾਲੀਵੁੱਡ ਵਿਚ ਪ੍ਰਵੇਸ਼ : ਮਨਜੀਤ ਸਿੰਘ

ਪੰਜਾਬੀ ਸੰਗੀਤ ਖੇਤਰ ਵਿਚ ਮਨਜੀਤ ਸਿੰਘ ਦੀ ਪਛਾਣ ਕਾਯਮਾਬ ਗੀਤ-ਸੰਗੀਤ ਤੇ ਗਾਇਕੀ ਪੇਸ਼ਕਾਰ ਵਜੋਂ ਕਾਫੀ ਬਣ ਚੁੱਕੀ ਹੈ। ਕੁਲਵਿੰਦਰ ਬਾਹੀ, ਐਨ. ਕੀਮੇਵਾਲੀਆ, ਗੁਰਜੀਤ ਬਾਠ, ਪ੍ਰਿੰਸ ਚਿੱਬ, ਮੱਖਣ ਭੈਣੀਵਾਲਾ ਜਿਹੇ ਗਾਇਕ ਕਲਾਕਾਰਾਂ ਦੇ ਟਰੈਕ ਤੇ ਐਲਬਮਾਂ ਉਸ ਨੇ ਨਿਊ ਆਈ.ਐਮ.ਸੀ. 'ਚੋਂ ਰਿਲੀਜ਼ ਕਰਕੇ ਪੰਜਾਬੀ ਸੰਗੀਤ ਖੇਤਰ 'ਚ ਸਮੇਂ ਦੇ ਹਾਣ ਨਾਲ ਚੱਲਣ 'ਚ ਕਾਮਯਾਬੀ ਪਾਈ ਹੈ। ਹੁਣ ਦੇ ਕਦਮ ਹੋਰ ਅਗਾਂਹ ਜਾਣ ਲਈ ਮਨਜੀਤ ਸਿੰਘ ਨੇ ਪੰਜਾਬੀ ਫ਼ਿਲਮ ਖੇਤਰ 'ਚ ਬਤੌਰ ਨਿਰਮਾਤਾ ਤੇ ਵਿਤਰਕ ਪ੍ਰਵੇਸ਼ ਕੀਤਾ ਹੈ। ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਡੇਰਾ ਬਾਬਾ ਨਾਨਕ ਕੋਲ ਪੈਂਦੇ ਪਿੰਡ ਠੇਠਰਕੇ ਦੇ ਜੰਮਪਲ ਮਨਜੀਤ ਸਿੰਘ ਅਨੁਸਾਰ ਮਨੋਰੰਜਕ ਪੰਜਾਬੀ ਫ਼ਿਲਮਾਂ ਨੂੰ ਦੇਸ਼-ਵਿਦੇਸ਼ ਤੱਕ ਪਹੁੰਚਾਉਣ ਲਈ ਫ਼ਿਲਮ ਵਿਤਰਣ ਦੇ ਉਹ ਰਾਹ ਪਿਆ ਹੈ ਤੇ ਉਸ ਦੀ ਪਹਿਲੀ ਫ਼ਿਲਮ 'ਹੱਲਾ ਹੋ' ਆ ਰਹੀ ਹੈ ਤੇ



ਇਹ ਫ਼ਿਲਮ ਰਾਜਨੀਤੀ ਦੀ ਪਿੱਠਭੂਮੀ 'ਤੇ ਆਧਾਰਿਤ ਹੈ। ਫ਼ਿਲਮ 'ਚ ਵਿਕਟਰ ਜੋਹਨ ਤੋਂ ਇਲਾਵਾ ਪੰਜਾਬੀ ਫ਼ਿਲਮਾਂ ਦੇ ਨਾਮਵਰ ਹੀਰੋ ਰਹੇ ਸਤੀਸ਼ ਕੌਲ ਦੀ ਵੀ ਇਕ ਅਹਿਮ ਭੂਮਿਕਾ ਹੈ ਤੇ ਗੁਰਮੀਤ ਸਾਜਨ, ਅੰਮ੍ਰਿਤਪਾਲ ਬਿੱਲਾ, ਮਨਪ੍ਰੀਤ ਕੌਰ ਇਸ ਫ਼ਿਲਮ ਦੇ ਦੂਸਰੇ ਪ੍ਰਮੁੱਖ ਸਿਤਾਰੇ ਹਨ। ਇਸ ਤੋਂ ਇਲਾਵਾ 'ਇਸ਼ਕ ਮੁਹੱਬਤਾਂ' ਫ਼ਿਲਮ ਦਾ ਸਹਿ-ਨਿਰਮਾਣ ਵੀ ਉਹ ਕਰ ਰਿਹਾ ਹੈ। ਬਤੌਰ ਸੰਗੀਤ ਪੇਸ਼ਕਾਰ ਪ੍ਰਤਿਭਾਵਾਨ ਸੁਰੀਲੇ ਕਲਾਕਾਰਾਂ ਨੂੰ ਅੱਗੇ ਲਿਆਉਣਾ ਤੇ ਬਤੌਰ ਨਿਰਮਾਤਾ ਘੱਟ ਬਜਟ 'ਚ ਸ਼ਾਨਦਾਰ ਫ਼ਿਲਮਾਂ ਬਣਾਉਣੀਆਂ, ਉਸ ਦਾ ਮੰਤਵ ਹੈ। ਬਤੌਰ ਵਿਤਰਕ ਬਹੁਤ ਪ੍ਰੇਸ਼ਾਨੀਆਂ ਹਨ ਪਰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨ 'ਤੇ ਹੀ ਕਾਮਯਾਬੀ ਮਿਲਦੀ ਹੈ, ਇਸ ਗੱਲ ਨੂੰ ਪੱਲੇ ਬੰਨ੍ਹ ਕੇ ਉਹ ਚੱਲ ਰਿਹਾ ਹੈ। ਪਾਲੀਵੁੱਡ 'ਚ ਤੇ ਪੰਜਾਬੀ ਸੰਗੀਤ ਦੁਨੀਆ ਨੂੰ ਉਤਸ਼ਾਹੀ ਨੌਜਵਾਨ ਮਨਜੀਤ ਸਿੰਘ ਤੋਂ ਕਾਫੀ ਉਮੀਦਾਂ ਹਨ।

-ਅੰਮ੍ਰਿਤ ਪਵਾਰ

# 'ਸਾਰੀ ਸਾਰੀ ਰਾਤ' ਵਾਲਾ ਗਾਇਕ ਗਿੱਲ ਕਮਲ

ਅੱਜ ਦੇ ਇਸ ਮੁਕਾਬਲੇਬਾਜ਼ੀ ਦੇ ਯੁੱਗ ਵਿਚ ਹਰ ਗਾਇਕ ਕਲਾਕਾਰ ਪੈਸੇ ਦੇ ਜ਼ੋਰ ਅਤੇ ਨੰਗੇਜ਼ਵਾਦ ਦੇ ਹੱਥਕੰਡੇ ਅਪਣਾ ਕੇ ਰਾਤੋ-ਰਾਤ ਸਟਾਰ ਬਣਨ ਲਈ ਤੱਤਪਰ ਹੈ। ਪਰ ਕੁਝ ਅਜਿਹੇ ਗਾਇਕ ਵੀ ਹਨ ਜੋ ਮਿਹਨਤ ਤੇ ਰਿਆਜ਼ ਦੇ ਬਲਬੂਤੇ ਅੱਗੇ ਵਧਣਾ ਲੋਚਦੇ ਹਨ। ਅਜਿਹਾ ਇਕ ਨਾਂਅ ਹੈ ਗਾਇਕ ਗਿੱਲ ਕਮਲ ਜੋ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ। ਮੋਗਾ ਜ਼ਿਲ੍ਹੇ ਦੇ ਪਿੰਡ ਭਿੰਡਰ ਖੁਰਦ ਦੇ ਗਾਇਕ ਗਿੱਲ ਕਮਲ ਦਾ ਜਨਮ ਪਿਤਾ ਮੇਜਰ ਸਿੰਘ ਦੇ ਗ੍ਰਹਿ ਮਾਤਾ ਸੁਖਦੇਵ ਕੌਰ ਦੀ ਕੁੱਖੋਂ ਹੋਇਆ। ਗਾਉਣ ਦਾ ਸ਼ੌਕ ਕਮਲ ਨੂੰ ਬਚਪਨ ਤੋਂ ਹੀ ਸੀ ਅਤੇ ਗਾਇਕੀ ਦੀਆਂ ਬਾਰੀਕੀਆਂ ਸਿੱਖਣ ਲਈ ਫਿਰ ਛਿੰਦਾ ਅਨਪੜ੍ਹ ਲੰਗੇਆਣਾ ਨੂੰ ਉਸਤਾਦ ਧਾਰਿਆ ਤੇ ਪਹਿਲੀ ਐਲਬਮ ਮਾਰਕੀਟ ਵਿਚ 'ਗੱਭਰੂ ਦਾ ਦਿਲ




ਟੁੱਟ ਜੂ, ਸਰੋਤਿਆਂ ਦੇ ਸਨਮੁੱਖ ਕੀਤੀ, ਜਿਸ ਨੂੰ ਸਰੋਤਿਆਂ ਨੇ ਭਰਵਾਂ ਹੁੰਗਾਰਾ ਦਿੱਤਾ। ਹੁਣ ਲੰਮੇ ਅਰਸੇ ਤੋਂ ਬਾਅਦ ਨਵੀ ਐਲਬਮ 'ਸਾਰੀ ਸਾਰੀ ਰਾਤ' ਲੈ ਕੇ ਸਰੋਤਿਆਂ ਦੀ ਕਚਹਿਰੀ ਵਿਚ ਹਾਜਰ ਹੈ ਤੇ ਅਨੇਕਾਂ ਸੱਭਿਆਚਾਰਕ ਮੇਲਿਆਂ 'ਤੇ ਪ੍ਰਵਾਨਿਤ ਹੋ ਚੁੱਕੇ ਗਾਇਕ ਕਮਲ ਨੂੰ ਨਵੀ ਰਿਲੀਜ਼ ਹੋਈ ਐਲਬਮ ਤੋਂ ਬਹੁਤ ਉਮੀਦਾਂ ਹਨ। ਸ਼ਾਲਾ! ਇਹ ਪੰਜਾਬ ਦਾ ਸੁਰੀਲਾ ਤੇ ਹੋਣਹਾਰ ਗਾਇਕ ਇਸੇ ਤਰ੍ਹਾਂ ਪੰਜਾਬੀ ਮਾਂ ਬੋਲੀ, ਪੰਜਾਬੀ ਸੱਭਿਆਚਾਰ ਤੇ ਪੰਜਾਬੀ ਗਾਇਕੀ ਦੀ ਸੇਵਾ ਕਰਦੇ ਰਹੇ।

-ਕੁਲਦੀਪ ਸਿੰਘ ਮਾਨ

Thursday 26/01/2017




आज से : लक्ष्मी सिनेमा- लुधियाना, सितारा सिनेमा- लुधियाना, बस्सी- मोहाली, मालवा- पटियाला, सुखराज- बठिंडा, नावल्टी- करनाल, नवल- पानीपत, शिवम्- जीरकपुर, इंद्र पैलेस- अमृतसर।




PVR CINEMAS | SRS CINEMAS | WAVE Cinemas | BIG Cinemas | सरब SARB | FUN | Cinepolis

RAJHANS CINEMAS | MOVIE TIME | PRESIDENT CINEMAS | CINE SQUARE CINEMAS | Q | INOX LIVE THE MOVIE | Sohrab Cinemas

Dimple Cineplex | GLITZ | SALH MULTIPLEX | OMJEE | Cinema | RITZ | MIRAJ CINEMAS

R CINEMAS | Silverbird | NEELAM NOVA CINEMAS | CARNIVAL CINEMAS | ORBIT CINEMAS | Piccadily

SWARN- HOSHIARPUR, KALYAN- ROPAR, BAKSHI- NARWANA, MOON LIGHT- KATHUA, KAMAL- MALERKOTLA

## —ਅਜੋਕੇ ਪੰਜਾਬ ਦੀ ਕਹਾਣੀ ਹੈ—

# "ਮਿਸ਼ਨ 2017 ਹੱਲਾ ਹੋ"



ਬੇਰੁਜ਼ਗਾਰ ਪੰਜਾਬ ਦੀ ਜਵਾਨੀ, ਸਰਕਾਰਾਂ ਦੇ ਰਹਿਮ-ਕਰਮ ਤੇ ਨਿਰਭਰ, ਡੱਕੇ-ਡੋਲੇ ਖਾਂਣੀ, ਨਸ਼ਿਆਂ 'ਚ ਗ੍ਰਸਤ ਹੁੰਦੀ, ਗਿਸ਼ਵਤਾਂ ਦੇ ਦੌਰ 'ਚ ਘਸਦੀ ਤੇ ਵੋਟਾਂ ਦੇ ਹੋਕੇ, ਖੁਸ਼ਹਾਲੀ ਦਾ ਸੁਪਨਾ ਦਿਖਾਉਂਦੇ ਰਾਜਨੇਤਾ ਇਹ ਕਹਾਣੀ ਹੈ। ਨਵੀਂ ਪੰਜਾਬੀ ਫ਼ਿਲਮ "ਮਿਸ਼ਨ 2017 ਹੱਲਾ ਹੋ" ਦੀ ਜੋ 3 ਫਰਵਰੀ, ਸ਼ੁੱਕਰਵਾਰ ਸਰਕਟ ਭਰ ਵਿੱਚ ਰਿਲੀਜ਼ ਹੋ ਰਹੀ ਹੈ। ਪੰਜਾਬੀ ਸੰਗੀਤ ਦੀ ਸਥਾਪਿਤ ਕੰਪਨੀ ਨਿਊ ਆਈ ਐਮ ਸੀ. ਇਹ ਫ਼ਿਲਮ ਬਣਾ ਕਿ ਪਾਲੀਵੁੱਡ ਦੇ ਨਿਰਮਾਣ ਖੇਤਰ 'ਚ ਪ੍ਰਵੇਸ਼ ਕਰ ਰਹੀ ਹੈ। ਮਨਜੀਤ ਸਿੰਘ ਤੇ ਨਿਊ ਆਈ ਐਮ ਸੀ. "ਮਿਸ਼ਨ 2017 ਹੱਲਾ ਹੋ" ਨੂੰ ਸ਼ਾਨਦਾਰ, ਮੰਤਵ ਭਰਪੂਰ ਤੇ ਮਨੋਰੰਜਨ ਦੇ ਲਿਗਜ਼ ਨਾਲ ਸ਼ਾਨਦਾਰ ਘੜਨ ਵਿੱਚ ਮਨਜੀਤ ਸਿੰਘ ਟੋਨੀ, ਸਰਬਜੀਤ ਸਿੱਧੂ ਤੇ ਸਤਨਾਮ ਬੱਤਰਾ ਦਾ ਸਹਿਯੋਗ ਹੈ। ਬਰਿੰਦਰ ਸਿੱਧੂ ਦੀ ਅੱਖ ਨੇ "ਮਿਸ਼ਨ 2017 ਹੱਲਾ ਹੋ" ਦੇ ਫਿਲਮਾਂਕਣ 'ਚ ਆਪਣੀ ਚੁਸਤੀ ਵਰਤੀ ਹੈ ਤੇ ਉਸਦੀ ਡੀ.ਓ.ਪੀ. ਅਰਥਾਤ ਫੋਟੋਗ੍ਰਾਫੀ ਮੂੰਹੋਂ ਬੋਲਦੀ ਪ੍ਰਤੀਤ ਹੋਏਗੀ।

ਅਭਿਨੈ ਦਾ ਜ਼ੋਰਦਾਰ ਹੱਲਾ ਇਸ ਫ਼ਿਲਮ ਵਿੱਚ ਜਾਣੇ ਪਛਾਣੇ ਅਦਾਕਾਰ ਵਿਕਟਰ



ਜੌਹਨ ਤੇ ਕਸ਼ਿਸ਼ ਭਰੀ ਮੁਟਿਆਰ ਮਨਪ੍ਰੀਤ ਕੌਰ ਨੇ ਬੋਲਿਆ ਹੈ। ਅੰਮ੍ਰਿਤਪਾਲ ਬਿੱਲਾ, ਗੁਰਮੀਤ ਸਾਜਨ ਜਿਹੇ ਮਹਾਂਰਥੀ ਕਲਾਕਾਰਾਂ ਤੋਂ ਇਲਾਵਾ ਹਰ ਦਿਲ ਅਜੀਜ਼ ਸਤੀਸ਼ ਕੌਲ ਦੀ ਵਾਪਸੀ ਇਸ ਫ਼ਿਲਮ ਨਾਲ ਫਿਰ ਪਰਦੇ ਤੇ ਹੋਣ ਜਾ ਰਹੀ ਹੈ। ਫ਼ਿਲਮ ਦਾ ਖਾਸ ਪੱਖ ਕਿ ਗਿੱਲ ਹਰਦੀਪ ਜਿਹੇ ਨਾਮਵਰ ਗਾਇਕ ਦਾ ਗਾਇਆ ਗੀਤ "ਆ ਦੇਖ ਭਗਤ ਸਿਹਾਂ ਗੀਤ" ਇੱਕ ਜਨੂੰਨ ਪੈਦਾ ਕਰਦਾ ਮਨੋਰੰਜਕ+ਦੇਸਪ੍ਰੇਮ ਦਾ ਗੀਤ ਬਣਿਆ ਹੈ, ਜੋ ਇੰਟਰਨੈਟ ਸੰਸਾਰ 'ਚ ਇਸ ਸਮੇਂ ਚੋਟੀ ਤੇ ਹੈ। ਕਿੰਗ ਬੀਟ ਨੇ ਫ਼ਿਲਮ ਦਾ ਸੰਗੀਤ ਤਿਆਰ ਕੀਤਾ ਹੈ । ਆਲ ਇੰਡੀਆ 'ਚ ਤੇ ਵਿਦੇਸ਼ਾਂ 'ਚ ਵੀ ਇਸ ਫ਼ਿਲਮ ਨੂੰ ਨਿਊ ਆਈ ਐਮ ਸੀ.. ਤੇ ਮਨਜੀਤ ਸਿੰਘ ਹਰੇਕ ਫ਼ਿਲਮੀ ਵਿਤਰਣ ਕਾਰਗਰ ਤਰੀਕੇ ਨਾਲ ਪਹੁੰਚਾ ਰਹੇ ਹਨ। ਦਰਸ਼ਕਾਂ ਨੂੰ ਅੱਜ ਦੇ ਪੰਜਾਬ ਦੀ ਹਕੀਕਤ ਲੱਗੇਗੀ "ਮਿਸ਼ਨ 2017 ਹੱਲਾ ਹੋ"। ਇਸ ਮਿਸ਼ਨ ਨਾਲ ਹੀ 2017 ਦੇ ਸ਼ੁਰੂ 'ਚ ਪਾਲੀਵੁੱਡ ਦੁਨੀਆਂ ਤੇ ਹੱਲਾ ਹੋ ਮਚਾਉਣ ਜਾ ਰਹੀ ਹੈ ਇਹ ਫ਼ਿਲਮ ਜੋ ਆਰ. ਬੀ. ਰਾਜਨ ਨੇ ਡਾਇਰੈਕਟ ਕੀਤੀ ਹੈ।

-ਅੰਮ੍ਰਿਤ ਪਵਾਰ

ALL INDIA RELEASE 3RD FEB 2017

REAL PICTURE BASED ON

DRUG ABUSE, POLITICAL CORRUPTION, DIRTY POLITICS

NEW IMC & MANJIT SINGH PRESENTS



MISSION 2017

# HALLA HO

(PUNJABI FILM)



PUNJABI FILM

A FILM BY MANJEET SINGH TONY, SARBJIT SIDHU

BARINDER SIDHU MUSIC KING BEAT

EDITOR & ASSISTANT DIRECTOR AAR BEE RAJAN ASSISTANT DIRECTOR VIKRAM GILL

CO-PRODUCER SULAKHAN ATWAL, HARJINDER SANDHU ASSOCIATE PRODUCER HARPAL SINGH (ITALY)

PRODUCERS MANJIT SINGH, SATNAM SINGH BATRA, ANREJ MANNAN

AVAILABLE ON iTunes gaana Mirchi hungama Mobile Partner Digital Partner Follow us on YouTube

FOR TRADE ENQUIRIES Contact : 88727 10046, 86919 14307

e-mail: nirwa.inc83@gmail.com www.inc83@yahoo.com nirwainc.blogspot.in

Bhave (Times Of India) ★★★ Anupama Chopra (Film companion)

# “ਮਿਸ਼ਨ 2017 ਹੱਲਾ ਹੋ” ਫ਼ਿਲਮ 3 ਫਰਵਰੀ ਨੂੰ ਰਿਲੀਜ਼ ਹੋਵੇਗੀ

ਚੌਂਕ ਮਹਿਤਾ 24 ਜਨਵਰੀ - ਪੰਜਾਬ ਦੇ ਰਾਜਨੀਤਕ ਦ੍ਰਿਸ਼ਟੀਕੋਣ ਤੇ ਬਣੀ ਨਵੀਂ ਪੰਜਾਬੀ ਫ਼ਿਲਮ “ਮਿਸ਼ਨ 2017 ਹੱਲਾ ਹੋ” 3 ਫਰਵਰੀ ਨੂੰ ਸਰਕਟ ਭਰ ਦਾ ਸ਼ਿੰਗਾਰ ਬਣੇਗੀ। ਇਹ ਜਾਣਕਾਰੀ ਦਿੰਦੇ ਹੋਏ ਸਰਹੱਦੀ ਇਲਾਕੇ ਦੇ ਨਿਰਮਾਤਾ ਤੇ ਨਿਊ ਆਈ.ਐਮ.ਸੀ. ਕੰਪਨੀ ਦੇ ਸੰਚਾਲਕ ਮਨਜੀਤ ਸਿੰਘ ਨੇ ਦੱਸਿਆ ਕਿ ਇਹ ਫ਼ਿਲਮ ਸਤੀਸ਼ ਕੌਲ ਜਿਸਨੇ ਲੰਮਾ ਸਮਾਂ ਪਾਲੀਵੁੱਡ ਤੇ ਰਾਜ ਕੀਤਾ ਦੀ ਦੋਬਾਰਾ ਵਾਪਸੀ ਫ਼ਿਲਮਾਂ ‘ਚ



ਕਰਵਾਉਣ ਜਾ ਰਹੀ ਹੈ। ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਤੇ ਡਰੱਗਜ਼ ਦੇ ਵਿਸ਼ੇ ਨੂੰ ਉਭਾਰਦੀ ਇਸ ਫ਼ਿਲਮ ਦਾ ਟਾਈਟਲ ਗੀਤ ਗਿੱਲ ਹਰਦੀਪ ਨੇ ਗਾਇਆ ਹੈ ਤੇ ਸੰਗੀਤ ਕਿੰਗ ਬੀਟ ਨੇ ਤਿਆਰ ਕੀਤਾ ਹੈ। ਵਿਕਟਰ ਜੌਹਨ, ਮਨਪ੍ਰੀਤ ਕੌਰ, ਗੁਰਮੀਤ ਸਾਜਨ ਤੇ ਅੰਮ੍ਰਿਤਪਾਲ ਬਿੱਲਾ ਇਸ ਫ਼ਿਲਮ ਦੇ ਮੁੱਖ ਸਿਤਾਰੇ ਹਨ ਤੇ ਨਿਊ ਆਈ.ਐਮ.ਸੀ. ਇਸਨੂੰ ਵਿਸ਼ਵ ਭਰ ਤੱਕ ਪਹੁੰਚਾ ਰਹੀ ਹੈ। (ਅੰਮ੍ਰਿਤਸਰ ਅੰਕ ਲਈ)

ਬ : ਸਿਮਰ ਧਾਲੀਵਾਲ

# ਅਜੋਕੇ ਪੰਜਾਬ ਦੀ ਕਹਾਣੀ

# ਮਿਸ਼ਨ 2017 ਹੱਲਾ ਹੋ



ਬੇਰੁਜ਼ਗਾਰ ਪੰਜਾਬ ਦੀ ਜਵਾਨੀ, ਸਰਕਾਰਾਂ ਦੇ ਰਹਿਮ-ਕਰਮ 'ਤੇ ਨਿਰਭਰ, ਡੱਕੇ-ਡੋਲੇ ਖਾਂਦੀ, ਨਸ਼ਿਆਂ 'ਚ ਗ਼ੁਸਤ ਹੁੰਦੀ, ਰਿਸ਼ਵਤਾਂ ਦੇ ਦੌਰ 'ਚ ਘਸਦੀ ਤੇ ਵੋਟਾਂ ਦੇ ਹੋਕੇ, ਖੁਸ਼ਹਾਲੀ ਦਾ ਸੁਪਨਾ ਦਿਖਾਉਂਦੇ ਰਾਜਨੇਤਾ, ਇਹ ਕਹਾਣੀ ਹੈ ਨਵੀਂ ਪੰਜਾਬੀ ਫ਼ਿਲਮ 'ਮਿਸ਼ਨ 2017-ਹੱਲਾ ਹੋ' ਦੀ, ਜੋ 3 ਫਰਵਰੀ ਨੂੰ ਰਿਲੀਜ਼ ਹੋ ਰਹੀ ਹੈ।

ਉੱਭਰ ਰਹੀ ਕੰਪਨੀ ਨਿਊ ਆਈ ਐਮ ਸੀ. ਇਹ ਫ਼ਿਲਮ ਬਣਾ ਕਿ ਪਾਲੀਵੁੱਡ ਦੇ ਨਿਰਮਾਣ ਖੇਤਰ 'ਚ ਪ੍ਰਵੇਸ਼ ਕਰ ਰਹੀ ਹੈ। ਮਨਜੀਤ ਸਿੰਘ ਤੇ ਨਿਊ ਆਈ ਐਮ ਸੀ. 'ਮਿਸ਼ਨ 2017 ਹੱਲਾ ਹੋ' ਨੂੰ ਸ਼ਾਨਦਾਰ, ਮੰਤਵ ਭਰਪੂਰ ਤੇ ਮਨੋਰੰਜਨ ਦੇ ਲਿਹਾਜ਼ ਨਾਲ ਸ਼ਾਨਦਾਰ ਘੜਨ ਵਿੱਚ ਮਨਜੀਤ ਸਿੰਘ ਟੋਨੀ, ਸਰਬਜੀਤ ਸਿੱਧੂ ਤੇ ਸਤਨਾਮ ਬੈਤਰਾ ਦਾ ਸਹਿਯੋਗ ਹੈ। ਬਰਿੰਦਰ ਸਿੱਧੂ ਦੀ ਅੱਖ ਨੇ 'ਮਿਸ਼ਨ 2017 ਹੱਲਾ ਹੋ' ਦੇ ਫ਼ਿਲਮਾਂਕਣ 'ਚ ਆਪਣੀ ਚੁਸਤੀ ਵਰਤੀ ਹੈ ਤੇ ਉਸਦੀ ਡੀ ਓ ਪੀ. ਅਰਬਾਜ਼ ਫੋਟੋਗ੍ਰਾਫੀ ਮੂੰਹੋਂ ਬੋਲਦੀ ਪ੍ਰਤੀਤ ਹੋਵੇਗੀ।



ਅਭਿਨੈ ਦਾ ਜ਼ੋਰਦਾਰ ਹੱਲਾ ਇਸ ਫ਼ਿਲਮ ਵਿੱਚ ਜਾਣੇ ਪਛਾਣੇ ਅਦਾਕਾਰ ਵਿਕਟਰ ਜੌਹਨ ਤੇ ਕਸ਼ਿਸ਼ ਭਰੀ ਮੁਟਿਆਰ ਮਨਪ੍ਰੀਤ ਕੌਰ ਨੇ ਬੋਲਿਆ ਹੈ। ਅੰਮ੍ਰਿਤਪਾਲ ਬਿੱਲਾ, ਗੁਰਮੀਤ ਸਾਜਨ ਜਿਹੇ ਮਹਾਰਥੀ ਕਲਾਕਾਰਾਂ ਤੋਂ ਇਲਾਵਾ ਹਰ ਦਿਲ ਅਜ਼ੀਜ਼ ਸਤੀਸ਼ ਕੌਲ ਦੀ ਵਾਪਸੀ ਇਸ ਫ਼ਿਲਮ ਨਾਲ ਫਿਰ ਪਰਦੇ 'ਤੇ ਹੋਣ ਜਾ ਰਹੀ ਹੈ। ਫ਼ਿਲਮ ਦਾ ਖਾਸ ਪੱਖ ਕਿ ਗਿੱਲ ਹਰਦੀਪ ਜਹੇ ਨਾਮਵਰ ਗਾਇਕ ਦਾ ਗਾਇਆ ਗੀਤ 'ਆ ਦੇਖ ਭਗਤ ਸਿਹਾਂ' ਗੀਤ ਜਨੂੰਨ ਪੈਦਾ ਕਰਦਾ ਮਨੋਰੰਜਕ+ਦੇਸ਼ਪ੍ਰੇਮ ਦਾ ਗੀਤ ਬਣਿਆ ਹੈ।

ਕਿੰਗ ਬੀਟ ਨੇ ਫ਼ਿਲਮ ਦਾ ਸੰਗੀਤ ਤਿਆਰ ਕੀਤਾ ਹੈ। ਭਾਰਤ 'ਚ ਤੇ ਵਿਦੇਸ਼ਾਂ 'ਚ ਵੀ ਇਸ ਫ਼ਿਲਮ ਨੂੰ ਨਿਊ ਆਈ ਐਮ ਸੀ ਤੇ ਮਨਜੀਤ ਸਿੰਘ ਫ਼ਿਲਮੀ ਢਿਰਜ਼ ਕਾਰਗਰ ਤਰੀਕੇ ਨਾਲ ਪਹੁੰਚਾ ਰਹੇ ਹਨ। ਦਰਸ਼ਕਾਂ ਨੂੰ ਅੱਜ ਦੇ ਪੰਜਾਬ ਦੀ ਹਕੀਕਤ ਲੱਗੇਗੀ 'ਮਿਸ਼ਨ 2017 ਹੱਲਾ ਹੋ।'

- ਅੰਮ੍ਰਿਤ ਪਵਾਰ

## ਸ਼ਫ਼ੀ ਬਲਬੀਰ ਦਾ ਵੀਡੀਓ 'ਅੱਖੀਆਂ 'ਚ ਜਾਨ' ਰਿਲੀਜ਼

## ਗਾਇਕੀ ਦਾ ਉਭਰਦਾ ਸਿਤਾਰਾ